ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ
ਚੌਥੀ ਮੰਜਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ
(ਵਜੀਫਾ ਸਾਖਾ)

ਵੱਲ

ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ

ਮੀਮੋ ਨੰ: ਕੇ.ਡਬਲਯੂ 20/3-2013 ਵਜੀਫਾ(2)
ਮਿਤੀ: 05-04-2016

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ ਸਕੀਮ ਤਹਿਤ ਸੈਸਨ 2016-17 ਦੌਰਾਨ ਫੀਲਡ ਵਿੱਚ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਐਸ.ਸੀ ਵਿਦਿਆਰਥੀਆਂ ਤੋਂ ਫੀਸਾਂ/ਫੰਡ ਲੈਣ ਸਬੰਧੀ ਨਿਰਦੇਸ ਦੇਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: ਕੇ.ਡਬਲਯੂ 20/3-2013 ਵਜੀਫਾ(2) ਮਿਤੀ 24-08-2015 ਦੇ ਹਵਾਲੇ ਵਿੱਚ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਵੱਖ-ਵੱਖ ਸੰਸਥਾਵਾਂ ਵੱਲੋਂ ਸਾਲ 2016-17 ਲਈ ਫੀਸਾਂ ਸਬੰਧੀ ਸਪਸਟੀਕਰਨ ਮੰਗਿਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਪਹਿਲਾਂ ਹੀ ਭਲਾਈ ਵਿਭਾਗ ਦੇ ਪੱਤਰ ਨੰ: 954-958 ਮਿਤੀ 12-08-2015 ਦਾ ਉਤਾਰਾ ਸਮੂਹ ਮੰਡਲ/ਜਿਲ੍ਹਾ ਸਿੱਖਿਆ ਅਫਸਰਾਂ(ਸੈ:ਸਿ:) ਨੂੰ ਕੀਤਾ ਜਾ ਚੁੱਕਾ ਹੈ, ਪਰ ਫਿਰ ਤੋਂ ਇਸ ਪੱਤਰ ਦੀ ਕਾਪੀ ਦੁਬਾਰਾ ਨਾਲ ਨੱਥੀ ਕਰਕੇ ਆਪ ਨੂੰ ਭੇਜੀ ਜਾ ਰਹੀ ਹੈ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਫੀਸਾਂ/ਫੰਡਾਂ ਸਬੰਧੀ ਜਾਰੀ ਪੱਤਰ ਨੰ: 11/15/2013-4ਸਿ6/869 ਮਿਤੀ 28-03-2013 , ਪੱਤਰ ਨੰ: 11/15/2013-4ਸਿ6/989 ਮਿਤੀ 16-04-2013 ਅਤੇ ਸਰਕਾਰ ਵੱਲੋਂ ਜਾਰੀ ਨੋਟੀਫਿਕੇਸਨ ਨੰ: 10/1/2014-4ਸਿ5/452194/2-5 ਮਿਤੀ 01-04-2015 ਪੱਤਰਾਂ ਦੀ ਕਾਪੀ ਨਾਲ ਨੱਥੀ ਕਰਕੇ ਇੰਨ-ਬਿੰਨ ਪਾਲਨਾ ਕਰਨ ਹਿੱਤ ਭੇਜੀਆਂ ਜਾਂਦੀਆਂ ਹਨ।

ਨੱਥੀ: ਪੱਤਰਾਂ ਦੀ ਕਾਪੀ

18/4/16.
ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:)
ਪੰਜਾਬ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

## ਹੁਕਮ

1.0 ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਫੰਡਾਂ ਅਧੀਨ ਸਕੂਲੀ ਬੱਚਿਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਸਬੰਧੀ ਪਹਿਲਾਂ ਜਾਰੀ ਹੋਏ ਪੱਤਰ ਨੰ: ਡਿਪਟੀ ਐਸ.ਪੀ.ਡੀ/ ਐਸ.ਐਸ.ਏ/ 2010/ 43727-771 ਮਿਤੀ, ਚੰਡੀਗੜ੍ਹ 25.6.2010, ਪੱਤਰ ਨੰ: 7/23/2011-5ਸਿੱ4/4918 ਮਿਤੀ 22 ਜੁਲਾਈ 2011 ਅਤੇ ਪੱਤਰ ਨੰ: 11/50/93-3ਸਿੱ2/5530 ਮਿਤੀ, ਚੰਡੀਗੜ੍ਹ 7.8.2012 ਵਿੱਚ ਕੁਝ ਸੋਧ ਕਰਦੇ ਹੋਏ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ (ਸਮੇਤ ਵਿਦਿਆਰਥਣਾਂ) ਤੋਂ ਹੇਠ ਲਿਖੇ ਅਨੁਸਾਰ ਫੰਡ ਲਏ ਜਾਣਗੇ।

| ਲੜੀ ਨੰ: | ਫੰਡ ਦੀ ਕਿਸਮ | ਫੰਡ ਦਾ ਨਾਂ | ਮਿਤੀ 01.04.2013 ਤੋਂ ਲਏ ਜਾਣ ਵਾਲੇ ਫੰਡ | |
|---|---|---|---|---|
| | | | ਜਮਾਤ 9ਵੀਂ ਅਤੇ 10ਵੀਂ | ਜਮਾਤ 11ਵੀਂ ਅਤੇ 12ਵੀਂ |
| 1. | ਮਾਸਿਕ ਫੰਡ | ਪੀ.ਟੀ.ਏ ਫੰਡ | 15/- ਰੁਪਏ | 20/- ਰੁਪਏ |
| | | ਸਪੋਰਟਸ ਫੰਡ | 10/- ਰੁਪਏ | 12/- ਰੁਪਏ |
| | | ਸੱਭਿਆਚਾਰਕ ਗਤੀਵਿਧੀਆਂ ਫੰਡ | 5/- ਰੁਪਏ | 8/- ਰੁਪਏ |
| 2. | ਸਲਾਨਾ ਫੰਡ | ਅਮਲਗਾਮੇਟਿਡ ਫੰਡ | 240/- ਰੁਪਏ | 300/- ਰੁਪਏ |

2.0 ਉਪਰੋਕਤ ਦੱਸੇ ਵੇਰਵੇ ਅਨੁਸਾਰ 9ਵੀਂ ਅਤੇ 10ਵੀਂ ਦੇ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ 600/- ਰੁਪਏ ਸਲਾਨਾ ਫੰਡ ਲਏ ਜਾਣਗੇ, ਜਿਸ ਵਿੱਚੋਂ 240 ਰੁਪਏ ਅਮਲਗਾਮੇਟਿਡ ਫੰਡ ਦਾਖਲੇ ਸਮੇਂ ਅਤੇ ਬਾਕੀ ਫੰਡ 30/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਲਏ ਜਾਣਗੇ। ਇਸੇ ਤਰ੍ਹਾਂ 11ਵੀਂ ਅਤੇ 12ਵੀਂ ਦੇ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ ਤੋਂ 780/- ਰੁਪਏ ਸਲਾਨਾ ਫੰਡ ਲਏ ਜਾਣਗੇ, ਜਿਸ ਵਿੱਚੋਂ 300/- ਰੁਪਏ ਅਮਲਗਾਮੇਟਿਡ ਫੰਡ ਦਾਖਲੇ ਸਮੇਂ ਅਤੇ ਬਾਕੀ ਫੰਡ 40/- ਰੁਪਏ ਪ੍ਰਤੀ ਮਹੀਨੇ ਲਏ ਜਾਣਗੇ।

3.0 ਉਪਰੋਕਤ ਤੋਂ ਇਲਾਵਾ ਪਹਿਲਾਂ ਜਾਰੀ ਸਰਕਾਰੀ ਹਦਾਇਤਾਂ ਅਨੁਸਾਰ ਜੋ ਪ੍ਰਯੋਗੀ ਫੰਡ ਲਏ ਜਾਂਦੇ ਹਨ, ਉਹ ਪਹਿਲੀਆਂ ਦਰਾਂ ਤੇ ਹੀ ਲਏ ਜਾਣਗੇ। ਇਸ ਤੋਂ ਇਲਾਵਾ ਆਈ.ਸੀ.ਟੀ ਪ੍ਰਾਜੈਕਟ ਤਹਿਤ ਕੰਪਿਊਟਰ ਫੀਸ ਦੀ ਵਸੂਲੀ ਸਮੇਂ ਸਮੇਂ ਭੇਜੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ।

4.0 ਉਕਤ ਅਨੁਸਾਰ ਦੱਸੇ ਫੰਡ ਮਿਤੀ 1 ਅਪ੍ਰੈਲ 2013 ਤੋਂ ਲਏ ਜਾਣਗੇ।

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ

ਮਿਤੀ, ਚੰਡੀਗੜ੍ਹ:
28.3.2013

ਪਿੱਠ ਅੰਕਣ ਨੰ: 11/15/੨੦੧੩-੫ਸਿ੬/869 ਮਿਤੀ, ਚੰਡੀਗੜ੍ਹ: ੨੮-੦੩-੨੦੧੩

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਸੂਚਨਾ ਅਤੇ ਵੈੱਬਸਾਈਟ ਤੇ ਪਾਉਣ ਵਾਸਤੇ।
2. ਡੀ.ਪੀ.ਆਈ (ਸੈ:ਸਿ:), ਪੰਜਾਬ, ਮੋਹਾਲੀ।
3. ਡੀ.ਪੀ.ਆਈ (ਐ:ਸਿ:), ਪੰਜਾਬ, ਮੋਹਾਲੀ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, (ਸੈ:ਸਿ:/ਐ:ਸਿ:), ਪੰਜਾਬ
6. ਸਮੂਹ ਸਕੂਲ ਮੁੱਖੀ, ਪੰਜਾਬ।

ਵਧੀਕ ਸਕੱਤਰ ਸਕੂਲ ਸਿੱਖਿਆ

(49)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

**ਹੁਕਮ**

1.0 ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਫੰਡਾਂ ਅਧੀਨ ਸਕੂਲੀ ਬੱਚਿਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਸਬੰਧੀ ਜਾਰੀ ਹੋਏ ਪੱਤਰ ਨੰ: 11/15/2013-4ਸਿੱ6/869 ਮਿਤੀ 28.3.2013 ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

2.0 ਵਿਦਿਆਰਥਣਾਂ ਦੇ ਮਾਪਿਆਂ ਦੀ ਆਰਥਿਕ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਵਿਦਿਆਰਥਣਾਂ ਨੂੰ ਪੜ੍ਹਾਈ ਦੀ ਸਹੂਲਤ ਨਿਰਵਿਘਨ ਦੇਣ ਦੇ ਮਕਸਦ ਨਾਲ ਇਹ ਫੈਸਲਾ ਕੀਤਾ ਗਿਆ ਕਿ ਪਿੰਡਾਂ ਵਿੱਚ ਪੜ੍ਹਦੀਆਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 30% ਵਿਦਿਆਰਥਣਾਂ ਦੀ ਅਤੇ ਸ਼ਹਿਰੀ ਸਕੂਲਾਂ ਵਿੱਚ ਪੜ੍ਹਦੀਆਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 20% ਵਿਦਿਆਰਥਣਾਂ ਤੱਕ ਦੀ ਫੀਸ/ਫੰਡ ਮੁਆਫ ਕੀਤੀ ਜਾਣੀ ਹੈ। ਇਹ ਫੀਸ ਸਕੂਲ ਦੇ ਮੁੱਖੀ ਦੇ ਪੱਧਰ ਤੇ ਸਬੰਧਤ ਵਿਦਿਆਰਥਣ ਦੇ ਮਾਪਿਆਂ ਦੀ ਆਰਥਿਕ ਹਾਲਤ ਦੇ ਮੱਦੇਨਜ਼ਰ 100% ਤੱਕ ਮੁਆਫ ਕੀਤੀ ਜਾ ਸਕਦੀ ਹੈ। ਇਹ ਫੀਸ ਮੁਆਫੀ ਮੁੱਖ ਤੌਰ ਤੇ ਹੇਠ ਲਿਖੇ ਵਰਗਾਂ ਦੇ ਬੱਚਿਆਂ ਲਈ ਹੋਵੇਗੀ:-

ੳ. ਬੀ.ਪੀ.ਐਲ ਪਰਿਵਾਰਾਂ ਨਾਲ ਸਬੰਧਤ ਵਿਦਿਆਰਥਣਾਂ

ਅ. ਉਹ ਵਿਦਿਆਰਥਣਾਂ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ।

ੲ. ਉਹ ਵਿਦਿਆਰਥਣਾਂ ਜਿਨ੍ਹਾਂ ਦੇ ਮਾਪੇ ਬੇਜ਼ਮੀਨੇ ਮਜ਼ਦੂਰ ਅਤੇ ਕਿਸਾਨ ਹਨ (ਬਸ਼ਰਤੇ ਕਿ ਉਹ ਜੋ ਦੁਕਾਨ/ਵਿਪਾਰ ਵਗੈਰਾ ਨਾ ਕਰਦੇ ਹੋਣ)।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੱਤਰ ਨੰ: 11/15/2013-4ਸਿੱ6/869 ਮਿਤੀ 28.3.2013 ਵਿੱਚ ਦਰਸਾਏ ਗਏ ਫੰਡਾਂ ਤੋਂ ਇਲਾਵਾ ਵਿਦਿਆਰਥੀਆਂ/ਵਿਦਿਆਰਥਣਾਂ ਤੋਂ ਹੋਰ ਕੋਈ ਫੀਸ/ਫੰਡ ਨਹੀਂ ਲਿਆ ਜਾਣਾ ਹੈ।

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ

ਮਿਤੀ, ਚੰਡੀਗੜ੍ਹ: 16.4.2013

ਪਿੱਠ ਅੰਕਣ ਨੰ: 11/15/2013-4ਸਿੱ6/989 ਮਿਤੀ, ਚੰਡੀਗੜ੍ਹ: 16-4-13

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਸੂਚਨਾ ਅਤੇ ਵੈੱਬਸਾਈਟ ਤੇ ਪਾਉਣ ਵਾਸਤੇ।
2. ਡੀ.ਪੀ.ਆਈ (ਸੈ:ਸਿ:), ਪੰਜਾਬ, ਮੋਹਾਲੀ।
3. ਡੀ.ਪੀ.ਆਈ (ਐ:ਸਿ:), ਪੰਜਾਬ, ਮੋਹਾਲੀ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:), ਪੰਜਾਬ।
6. ਸਮੂਹ ਸਕੂਲ ਮੁੱਖੀ, ਪੰਜਾਬ।

ਵਧੀਕ ਸਕੱਤਰ ਸਕੂਲ ਸਿੱਖਿਆ

CC:-

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਮਾਨਯੋਗ ਮੁੱਖ ਸੰਸਦੀ ਸਕੱਤਰ, ਸਿੱਖਿਆ।
3. ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
4. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ।
5. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ।
6. ਨਿੱਜੀ ਸਹਾਇਕ/ਵਧੀਕ ਸਕੱਤਰ ਸਕੂਲ ਸਿੱਖਿਆ

6-4-15

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5 ਸ਼ਾਖਾ)

**ਅਧਿਸੂਚਨਾ**

ਮਾਰਚ, 2015

ਪਿੱਠ ਅੰ: ਨੰ: 10/1/2014-4ਸਿ5/ -ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਸਰਕਾਰ ਦੇ ਪੱਤਰ ਨੰ: 10/1/2014-4ਸਿ5/ 354829/1-5 ਮਿਤੀ 28.11.2014 ਰਾਹੀਂ ਗਠਿਤ ਹਾਈ ਪਾਵਰ ਕਮੇਟੀ ਦੀ ਮਿਤੀ 18.02.2015 ਨੂੰ ਹੋਈ ਮੀਟਿੰਗ ਦੌਰਾਨ ਹਾਈ ਪਾਵਰ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਮੱਦੇ-ਨਜ਼ਰ ਪ੍ਰਾਈਵੇਟ ਸਕੂਲਾਂ ਦੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ +1 ਅਤੇ +2 ਦੇ ਐਸ.ਸੀ. ਅਤੇ ਬੀ.ਸੀ./ਓ.ਬੀ.ਸੀ. ਵਿਦਿਆਰਥੀਆਂ ਦੀਆਂ ਫੀਸਾਂ ਦੀਆਂ ਪ੍ਰਤੀ ਪੂਰਤੀਆਂ ਸੰਬਧੀ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੰਦੇ ਹਨ:-

ੳ) ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੀਆਂ ਪ੍ਰਤੀ-ਪੂਰਤੀਆਂ ਦੇ ਕਲੇਮ ਨੂੰ ਰੁਪਏ 2760/- ਤੋਂ ਰੁਪਏ 28,000/- ਪ੍ਰਤੀ ਸਾਲ ਤੱਕ ਹੀ ਪ੍ਰਵਾਨ ਕੀਤੇ ਜਾਣਗੇ। ਫਿਰ ਵੀ ਜਿਹਨਾਂ ਪ੍ਰਾਈਵੇਟ ਸਕੂਲਾਂ ਵੱਲੋਂ ਲਈ ਜਾਂਦੀ ਮੌਜੂਦਾ ਫੀਸ ਘੱਟ ਰੇਂਜ ਅਧੀਨ ਹੈ, ਨੂੰ ਬਿਨ੍ਹਾਂ ਕਿਸੇ ਕਾਰਨ ਫੀਸ ਨੂੰ ਉੱਪਰਲੀ ਸੀਮਾ ਵੱਲ ਵਧਾਉਣ ਦੀ ਖੁੱਲ ਨਹੀਂ ਦਿੱਤੀ ਜਾਵੇਗੀ। ਕਿਸੇ ਵੀ ਸਕੂਲ ਵੱਲੋਂ ਫੀਸਾਂ ਨੂੰ ਬਿਨ੍ਹਾਂ ਕਿਸੇ ਕਾਰਨ ਵਧਾਉਣ ਜਾਂ ਬਦਲਣ ਸੰਬਧੀ ਸ਼ਿਕਾਇਤਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਗਠਿਤ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ। ਇਸ ਤਰ੍ਹਾਂ ਭਲਾਈ ਵਿਭਾਗ ਦੇ ਪੋਸਟ ਮੈਟ੍ਰਿਕ ਐਸ.ਸੀ. ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਅਦਰ ਬੈਕਵਰਡ ਕਲਾਸਿਜ਼ (ਓ.ਬੀ.ਸੀ.) ਸਕੀਮ ਅਧੀਨ +1 ਅਤੇ +2 ਦੀਆਂ ਨਾਨ ਰਿਫੰਡੇਬਲ ਕੰਪਲਸਰੀ ਫੀਸਾਂ ਦੀਆਂ ਪ੍ਰਤੀ-ਪੂਰਤੀਆਂ ਲਈ ਫੀਸਾਂ ਦੇ ਕਲੇਮ ਵੱਧ ਤੋਂ ਵੱਧ ਰੁਪਏ 28,000/- ਪ੍ਰਤੀ ਸਾਲ ਤੱਕ ਜਾਂ ਦੋਹਾਂ ਵਿੱਚੋਂ ਜੋ ਘੱਟ ਹੈ, ਦੀ ਪ੍ਰਤੀ-ਪੂਰਤੀ ਕੀਤੀ ਜਾਵੇ।

ਅ) ਇਸ ਤਰ੍ਹਾਂ ਤਹਿ ਕੀਤੀਆਂ ਫੀਸਾਂ ਵਿਚ ਹਰ 2 ਸਾਲ ਬਾਅਦ ਰੀਵਿਊ ਕੀਤਾ ਜਾਵੇਗਾ। ਫੀਸਾਂ ਦੇ ਕਲੇਮ ਦੀ ਚੈਕਿੰਗ ਅਤੇ ਸਿਫਾਰਸ਼ ਲਈ ਜਿਲ੍ਹਾ ਸਿੱਖਿਆ ਅਫਸਰਾਂ ਦੀ ਜ਼ਿੰਮੇਵਾਰੀ ਹੋਵੇਗੀ।

2. ਇਹ ਪ੍ਰਵਾਨਗੀ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੇ ਹੁਕਮ ਮਿਤੀ 11.03.2015 ਅਤੇ ਮਿਤੀ 18.03.2015 ਦੇ ਆਧਾਰ ਤੇ ਜਾਰੀ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ
30.03.2015

ਸੀ.ਰਾਉਲ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱਠ ਅੰ: ਨੰ: 10/1/2014-4ਸਿ5/ 452194/1
ਮਿਤੀ, ਚੰਡੀਗੜ੍ਹ: 1/4/15

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰੀਟਿੰਗ ਤੇ ਸਟੇਸ਼ਨਰੀ, ਪੰਜਾਬ ਵਿਭਾਗ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਦੀਆਂ 500 ਕਾਪੀਆਂ ਦਫਤਰੀ ਵਰਤੋਂ ਲਈ ਛਾਪ ਕੇ ਭੇਜਣ ਦੀ ਖੇਚਲ ਕੀਤੀ ਜਾਵੇ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰ: ਨੰ: 10/1/2014-4ਸਿ5/ 452194/2-5
ਮਿਤੀ, ਚੰਡੀਗੜ੍ਹ: 1/4/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ, ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕੰਪ: ਫੇਸ-8, ਅਜੀਤਗੜ੍ਹ (ਮੋਹਾਲੀ)।
2. ਡਾਇਰੈਕਟਰ, ਸਿੱਖਿਆ ਵਿਭਾਗ (ਐਲੀ.ਸਿੱ.), ਪੰਜਾਬ, ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕੰਪ: ਫੇਸ-8, ਅਜੀਤਗੜ੍ਹ (ਮੋਹਾਲੀ)।
3. ਡਿਪਟੀ ਡਾਇਰੈਕਟਰ, ਪ੍ਰਾਈਵੇਟ ਏਡਿਡ ਸਕੂਲ।
4. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਪਿਠ ਅੰਕਣ ਨੰ: 20/3-2014 ਵਜੀਫਾ (2)
ਮਿਤੀ 8-4-15

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1 ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)
2 ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
3 ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ , ਸੈਕਟਰ -34, ਚੰਡੀਗੜ੍ਹ।

8/4/15
ਵਿਸੇਸ ਕਾਰਜ ਅਫਸਰ (ਵਜੀਫਾ)

ਨੰ 954-958

ਪੰਜਾਬ ਸਰਕਾਰ
ਭਲਾਈ ਵਿਭਾਗ
(ਭਲਾਈ ਸੈਲ ਨਾਨ ਪਲਾਨ)

ਸੇਵਾ ਵਿਖੇ,

1. ਵਧੀਕ ਮੁੱਖ ਸੱਕਤਰ, ਪੰਜਾਬ ਸਰਕਾਰ,
ਪਸ਼ੂ ਪਾਲਣ ਵਿਭਾਗ;
2. ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ
3. ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ;
4. ਸੱਕਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਵਿਭਾਗ;
5. ਸੱਕਤਰ, ਪੰਜਾਬ ਸਰਕਾਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ।

ਮਿਤੀ: 12 ਅਗਸਤ, 2015

ਵਿਸ਼ਾ:- ਪੋਸਟ ਮੈਟ੍ਰਿਕ ਸ਼ਕਾਲਰਸਿਪ ਟੂ ਐਸ ਸੀ. ਸਕੀਮ ਤਹਿਤ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਸਬੰਧੀ।

ਡਾਇਰੈਕਟਰ, ਭਲਾਈ ਵਿਭਾਗ,ਪੰਜਾਬ ਵਲੋਂ ਮਿਤੀ 22-7-2014 ਨੂੰ ਜਾਰੀ ਹਦਾਇਤਾਂ "ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਜਰੂਰੀ ਨਾ ਮੋੜਨ ਯੋਗ ਫੀਸਾਂ ਲਏ ਬਿਨਾਂ ਦਾਖਲਾ ਦੇਣ ਦੀਆਂ ਹਦਾਇਤਾਂ" ਖਾਰਜ ਕਰਦੇ ਹੋਏ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ,ਸਿਵਲ ਰਿੱਟ ਪਟੀਸ਼ਨ 15455/2014 ਦੇ ਮਿਤੀ 10-10-2014 ਦੇ ਫੈਸਲੇ ਵਿੱਚ ਹੇਠ ਅਨੁਸਾਰ ਲਿਖਿਆ ਗਿਆ ਹੈ:-

***"It is open to any of the institutes to avail to itself the benefit of transfer of grants from the State Government and such of those institutes who wish to avail of such a benefit may continue to enjoy that benefit but they shall not be permitted to collect tuition fee from the students. This direction of what I have given is only applicable to such of those institutes which do not want to avail the benefit of transfer of funds from the State Government in which case they shall be at liberty to collect the fee directly from the students."***

———— ———— ———— ————

***The counsel appearing on behalf of the State points out that some of the colleges have actually collected fee from the students and they have also claimed amounts from the State. To prevent such an occurrence any college that collects fees from the SC students shall in the receipt endorse a declaration that it will not claim any amount from the State that purports to defray admission fee or other charges pay able on behalf of SC students under Post Matric Scholarship Scheme. If any college opts to avail of the transfer of funds from the Government, it shall not be required to give such a written undertaking engrossed in the receipt for the collection of fee.***

ਇਸ ਲਈ ਉਪਰੋਕਤ ਫੈਸਲੇ ਅਨੁਸਾਰ

1. ਪੰਜਾਬ ਰਾਜ ਦੀਆਂ ਸਮੂਹ ਸਰਕਾਰੀ ਸੰਸਥਾਵਾਂ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਾਖਲੇ ਦੇ ਸਮੇਂ ਜਰੂਰੀ ਨਾ ਮੋੜਨ ਯੋਗ ਫੀਸਾਂ ਲਏ ਬਿਨ੍ਹਾਂ ਦਾਖਲਾ ਦੇਣਗੀਆਂ। ਫੀਸਾਂ ਦੀ ਅਦਾਇਗੀ ਸੰਸਥਾਵਾ ਅਤੇ ਮੈਂਟੀਨੈਂਸ ਅਲਾਊਂਸ ਵਿਦਿਆਰਥੀਆ ਦੇ ਖਾਤਿਆ ਵਿੱਚ ਆਨ ਲਾਈਨ ਸਿਸਟਮ ਰਾਹੀਂ ਕੀਤੀ ਜਾਵੇਗੀ;

2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਪਰੋਕਤ ਫੈਸਲੇ ਮਿਤੀ 10-10-2014 ਅਨੁਸਾਰ ਜਿਹੜੀਆਂ ਏਡਿਡ ਅਤੇ ਅਣ-ਏਡਿਡ ਮਾਨਤਾ ਪ੍ਰਾਪਤ ਸੰਸਥਾਵਾਂ, ਯੋਗ ਅਨੁਸੂਚਿਤ ਜਾਤੀਆਂਦੇ ਵਿਦਿਆਰਥੀਆ ਤੋਂ ਜਰੂਰੀ ਨਾ-ਮੋੜਨ ਯੋਗ ਫੀਸਾਂ ਲੈਣਗੀਆਂ,ਉਹ ਸੰਸਥਾਵਾਂ ਦਾਖਲਾ

ਫੀਸ ਦੀ ਰਸੀਦ ਵਿੱਚ ਬਕਾਇਦਾ ਲਿਖਤੀ ਰੂਪ ਵਿੱਚ ਅੰਡਰ-ਟੇਕਿੰਗ ਦੇਣਗੀਆਂ ਕਿ ਉਹ ਜਰੂਰੀ ਨਾ ਮੋੜਨ ਯੋਗ ਫੀਸਾ ਦਾ ਕਲੇਮ ਸਰਕਾਰ ਤੋਂ ਨਹੀਂ ਕਰਨਗੀਆਂ ਅਤੇ ਅਜਿਹੇ ਵਿਦਿਆਰਥੀਆਂ ਨੂੰ ਜਰੂਰੀ ਨਾ ਮੋੜਨ ਯੋਗ ਫੀਸਾਂ ਅਤੇ ਮੇਨਟੀਨੇਂਸ ਅਲਾਊਂਸ ਦੀ ਅਦਾਇਗੀ, ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋਂ ਕੀਤੀ ਜਾਵੇਗੀ;

3. ਪੰਜਾਬ ਰਾਜ ਦੀਆਂ ਏਡਿਡ ਅਤੇ ਅਨਏਡਿਡ ਮਾਨਤਾ ਪ੍ਰਾਪਤ ਸੰਸਥਾਵਾਂ, ਜਿਹੜੀਆਂ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਜਰੂਰੀ ਨਾ ਮੋੜਣ ਯੋਗ ਫੀਸਾ ਲਏ ਬਿਨ੍ਹਾਂ ਦਾਖਲਾ ਦੇਣਗੀਆਂ, ਫੀਸਾਂ ਦੀ ਪ੍ਰਤੀ ਪੂਰਤੀ ਆਪਣੇ ਲਾਗੂ ਕਰਤਾ ਵਿਭਾਗ ਰਾਹੀਂ ਭਲਾਈ ਵਿਭਾਗ ਤੋਂ ਕਰ ਸਕਦੀਆਂ ਹਨ। ਜਰੂਰੀ ਨਾ ਮੋੜਨ ਯੋਗ ਫੀਸਾ ਸੰਸਥਾਵਾਂ ਦੇ ਬੈਂਕ ਖਾਤਿਆਂ ਵਿੱਚ ਅਤੇ ਮੇਨਟੀਨੇਂਸ ਅਲਾਊਂਸ ਦੀ ਅਦਾਇਗੀ, ਵਿਦਿਆਰਥੀਆ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋਂ ਕੀਤੀ ਜਾਵੇਗੀ;

4. ਭਲਾਈ ਵਿਭਾਗ, ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਤਹਿਤ ਸਾਲ 2015-16 ਦੌਰਾਨ ਭਾਰਤ ਸਰਕਾਰ ਦੀ ਪਾਲਿਸੀ ਅਨੁਸਾਰ ਜਰੂਰੀ ਨਾ ਮੋੜਨ ਯੋਗ ਫੀਸਾਂ ਦੀ ਪ੍ਰਤੀ-ਪੂਰਤੀ ਫੰਡ ਪ੍ਰਾਪਤ ਹੋਣ ਤੇ ਕਰੇਗਾ।

ਉਪਰੋਕਤ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ ਜੀ।

ਸਕੱਤਰ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ**
**(ਵਜੀਫਾ ਸ਼ਾਖਾ)**

ਪਿੱਠ ਅੰਕਣ ਨੰ: ਕੇ.ਡਬਲਯੂ 20/3-2013 ਵਜੀਫਾ(2) ਮਿਤੀ: 24-08-2015

ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ:-

1. ਸਮੂਹ ਮੰਡਲ ਸਿੱਖਿਆ ਅਫਸਰ(ਨਾਭਾ,ਜਲੰਧਰ, ਫਰੀਦਕੋਟ)
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:), ਪੰਜਾਬ।

24/8/15

ਵਿਸ਼ੇਸ਼ ਕਾਰਜ ਅਫਸਰ(ਵਜੀਫਾ)